ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ।
**(S.S.S. Board, Punjab)**
ਵਣ ਭਵਨ, ਸੈਕਟਰ-68, ਐਸ.ਏ.ਐਸ. ਨਗਰ।

<u>ਸ਼ੁੱਧੀ-ਪੱਤਰ</u>

ਪੰਜਾਬ ਸਰਕਾਰ ਦੇ ਵੱਖ ਵੱਖ ਵਿਭਾਗਾਂ ਵਿੱਚ ਕਲਰਕਾਂ ਅਤੇ ਕਲਰਕ-ਕਮ-ਡਾਟਾ ਐਂਟਰੀ ਉਪਰੇਟਰਾਂ ਦੀ ਭਰਤੀ ਸਬੰਧੀ ਵੱਖ-ਵੱਖ ਅਖਬਾਰਾਂ ਵਿੱਚ ਜਨਤਕ ਇਸ਼ਤਿਹਾਰ ਨੰ: 4 ਆਫ 2015 ਦਿੱਤਾ ਗਿਆ ਸੀ। ਇਸ ਭਰਤੀ ਸਬੰਧੀ ਪੰਜਾਬੀ ਟਾਈਪ ਟੈਸਟ 30 ਸ਼ਬਦ ਪ੍ਰਤੀ ਮਿੰਟ ਦੀ ਰਫਤਾਰ ਨਾਲ 300 ਸ਼ਬਦਾਂ ਦਾ ਪੈਰਾ ਟਾਈਪ ਕਰਨ ਦੀ ਸ਼ਰਤ ਰੱਖੀ ਗਈ ਸੀ। ਹੁਣ ਪੰਜਾਬ ਸਰਕਾਰ, ਪ੍ਰਸੋਨਲ ਵਿਭਾਗ (ਪੀ.ਪੀ.-1 ਸ਼ਾਖਾ) ਵਲੋਂ ਨੋਟੀਫਿਕੇਸ਼ਨ ਮਿਤੀ 24.12.2015 ਰਾਹੀਂ "Punjab Civil Services (General and Common Conditions of Service)(Third Amendment) Rules, 2015 ਦੇ ਰੂਲ 14-ਏ ਦੇ ਸਬ ਰੂਲ(2) ਅਤੇ ਰੂਲ 15 ਦੇ ਸਬ ਰੂਲ(2) ਵਿੱਚ ਕੀਤੀ ਸੋਧ ਅਨੁਸਾਰ ਕਲਰਕ ਦੀ ਆਸਾਮੀ ਤੇ ਭਰਤੀ ਸਬੰਧੀ ਪੰਜਾਬੀ ਟਾਈਪ ਟੈਸਟ ਦੇ ਨਾਲ-ਨਾਲ ਅੰਗਰੇਜ਼ੀ ਟਾਈਪ ਟੈਸਟ ਵੀ ਲਿਆ ਜਾਵੇਗਾ। ਉਪਰੋਕਤ ਪੰਜਾਬੀ ਅਤੇ ਅੰਗਰੇਜ਼ੀ ਦਾ ਟਾਈਪ ਟੈਸਟ ਕੇਵਲ ਕੰਪਿਊਟਰ ਤੇ ਹੀ ਲਿਆ ਜਾਵੇਗਾ। ਇਸ ਲਈ ਉਕਤ ਇਸ਼ਤਿਹਾਰ ਵਿਰੁੱਧ ਅਪਲਾਈ ਕਰਨ ਵਾਲੇ ਸਾਰੇ ਉਮੀਦਵਾਰ ਇਸ ਸੋਧ ਸਬੰਧੀ ਨੋਟ ਕਰਨ।

ਸਕੱਤਰ